**ਪੰਜਾਬ ਸਰਕਾਰ**

**ਸਿੱਖਿਆ ਵਿਭਾਗ**

**(Through Website)**

ਵੱਲ,

1 ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ, ਐਸ.ਏ.ਐਸ ਨਗਰ

2 ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਪੰਜਾਬ, ਐਸ.ਏ.ਐਸ ਨਗਰ।

3 ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ),ਪੰਜਾਬ।

4 ਸਮੂਹ ਜਿਲ੍ਹਾ ਸਿੱਖਿਆ ਅਫਸਰ (ਐਸਿੱ) ਪੰਜਾਬ।

5 ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ ਪੰਜਾਬ ਰਾਜ ਵਿੱਚ।

6 ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਪੰਜਾਬ ਰਾਜ ਵਿੱਚ।

ਮੀਮੋ ਨੰ;11/62/17-5ਸਿ6/1030055/1-6

ਮਿਤੀ ਚੰਡੀਗੜ੍ਹ 25-07-17

**ਵਿਸ਼ਾ ;** **ਪਰਖ ਕਾਲ ਕੇਸਾਂ ਦੇ ਨਿਪਟਾਰੇ ਲਈ ਪਾਵਰਾਂ ਡੈਲੀਗੇਟ ਕਰਨ ਸਬੰਧੀ।**

ਉਪਰੋਕਤ ਵਿਸੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

1. ਸਰਕਾਰ ਦੇ ਪੱਤਰ ਨੰ: 11/62/2017-5ਸਿੱ6/113-116 ਮਿਤੀ 20-07-2017 ਰਾਹੀਂ ਸਿੱਖਿਆ ਵਿਭਾਗ ਦੇ ਕਰਮਚਾਰੀਆਂ ਨੂੰ ਕਨਫਰਮ ਕਰਨ ਸਬੰਧੀ ਨਿਯੁਕਤੀ ਅਧਿਕਾਰੀ ਦੀਆਂ ਪਾਵਰਾਂ ਸਕੂਲਾਂ ਦੇ ਪ੍ਰਿੰਸੀਪਲ/ ਮੁੱਖ ਅਧਿਆਪਕ, ਜਿਲ੍ਹਾ ਸਿੱਖਿਆ ਅਧਿਕਾਰੀ, ਬਲਾਕ ਸਿੱਖਿਆ ਅਧਿਕਾਰੀ ਜਿਨ੍ਹਾਂ ਦੇ ਦਫਤਰ ਵਿੱਚ ਕਰਮਚਾਰੀ ਦੀ ਸੇਵਾ ਪੱਤਰੀ/ ਸੇਵਾ ਰਿਕਾਰਡ ਮੌਜੂਦ ਹੈ, ਨੂੰ ਡੈਲੀਗੇਟ ਕੀਤੀਆਂ ਗਈਆਂ ਹਨ।

2 . ਸਰਕਾਰ ਦੇ ਧਿਆਨ ਵਿੱਚ ਇਹ ਵੀ ਆਇਆ ਹੈ ਕਿ ਕਰਮਚਾਰੀਆਂ ਦੇ ਪਰਖ ਕਾਲ ਸਬੰਧੀ ਵੀ ਬਹੁਤ ਸਾਰੇ ਕੇਸ ਵਿਭਾਗ ਦੇ ਵੱਖ ਵੱਖ ਦਫਤਰਾਂ ਵਿੱਚ ਲੰਬਿਤ ਹਨ, ਜਿਸ ਨੂੰ ਮੁੱਖ ਰੱਖਦੇ ਹੋਏ ਪਰਖ ਕਾਲ ਦੇ ਕੇਸਾਂ ਦੇ ਨਿਪਟਾਰੇ ਦੀਆਂ ਪਾਵਰਾਂ ਵੀ ਉਪਰੋਕਤ ਪੈਰ੍ਹੇ ਵਿੱਚ ਦਰਸਾਏ ਗਏ ਅਧਿਕਾਰੀਆਂ ਨੂੰ ਹੇਠ ਲਿਖਿਆਂ ਸ਼ਰਤਾਂ ਤੇ ਡੈਲੀਗੇਟ ਕੀਤੀਆਂ ਜਾਂਦੀਆਂ ਹਨ:-

1. ਕਰਮਚਾਰੀ ਦੀਆਂ ਸਾਲਾਨਾ ਗੁਪਤ ਰਿਪੋਰਟਾਂ ਵਿੱਚ ਕੋਈ ਪ੍ਰਤੀਕੂਲ ਕਥਨ (Adverse remarks) ਨਹੀਂ ਹੋਣਾ ਚਾਹੀਦਾ ।
2. ਕਰਮਚਾਰੀ ਵਿਰੁੱਧ ਕੋਈ ਵਿਭਾਗੀ ਕਾਰਵਾਈ, ਕਰੀਮੀਨਲ ਕੇਸ, ਚਾਰਜ਼ ਸ਼ੀਟ ਲੰਬਿਤ ਨਾ ਹੋਵੇ।
3. ਕਰਮਚਾਰੀ ਦਾ ਚਾਲ ਚੱਲਣ ਅਤੇ ਕੰਮ ਕਾਰ ਤਸੱਲੀ ਬਖਸ਼ ਹੋਣਾ ਚਾਹੀਦਾ ਹੈ।
4. ਕਰਮਚਾਰੀ ਵੱਲੋਂ ਨਿਯੁਕਤੀ ਪੱਤਰ ਵਿੱਚ ਦਿੱਤੀਆਂ ਸ਼ਰਤਾਂ ਪੂਰੀਆਂ ਕਰ ਲਈਆਂ ਹਨ।

3 . ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਅੱਗੋ ਤੋਂ ਕਰਮਚਾਰੀ ਦਾ ਪਰਖ ਕਾਲ ਸਮਾਂ ਮੁਕੰਮਲ ਹੋਣ ਤੇ ਤੁਰੰਤ ਪਰਖ ਕਾਲ ਕੇਸ ਦਾ ਨਿਪਟਾਰਾ ਕੀਤਾ ਜਾਵੇ ਅਤੇ ਜੇਕਰ ਕਰਮਚਾਰੀ ਦਾ ਪਰਖ ਸਮਾਂ ਤਸੱਲੀ ਬਖਸ਼ ਪਾਇਆ ਜਾਂਦਾ ਹੈ ਤਾਂ ਪਰਖ ਕਾਲ ਸਮਾਂ ਕਲੀਅਰ ਕਰਨ ਅਤੇ ਕਨਫਰਮੇਸ਼ਨ ਸਬੰਧੀ ਇੱਕੋ ਹੀ ਹੁਕਮ ਜਾਰੀ ਕੀਤੇ ਜਾਣ ।

4 ਇੱਥੇ ਇਹ ਵੀ ਸਪੱਸਟ ਕੀਤਾ ਜਾਂਦਾ ਹੈ ਕਿ ਪਰਖ ਕਾਲ ਸਮਾਂ ਕਲੀਅਰ ਕਰਨ ਸਬੰਧੀ ਕੇਸਾਂ ਦਾ ਨਿਪਟਾਰਾ ਦਫਤਰ ਦੇ ਰਿਕਾਰਡ ਅਨੁਸਾਰ ਕੀਤਾ ਜਾਵੇ ਅਤੇ ਇਸ ਸਬੰਧੀ ਸਬੰਧਤ ਕਰਮਚਾਰੀ ਤੋਂ ਕੋਈ ਦਸਤਾਵੇਜ ਨਾ ਮੰਗੇ ਜਾਣ।

5 ਪਰਖ ਕਾਲ ਸਬੰਧੀ ਸਾਰੇ ਲੰਬਿਤ ਕੇਸਾਂ ਦਾ ਨਿਪਟਾਰਾ ਮਿਤੀ 31-08-2017 ਤੱਕ ਕਰਨਾ ਯਕੀਨੀ ਬਣਾਇਆ ਜਾਵੇ।

ਸਕੱਤਰ ਸਕੂਲ ਸਿੱਖਿਆ,
ਪੰਜਾਬ, ਚੰਡੀਗੜ੍ਹ

ਪਿੱਠ ਅੰਕਣ ਨੰ: 11/62/17-5ਸਿ6/1030055/7-8 ਮਿਤੀ 25-07-17

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1 ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਐਸ.ਏ.ਐਸ ਨਗਰ।

2 ਡਾਇਰੈਕਟਰ ਐਸ.ਸੀ.ਈ.ਆਰ.ਟੀ ਪੰਜਾਬ, ਐਸ.ਏ.ਐਸ ਨਗਰ।

ਸਕੱਤਰ ਸਕੂਲ ਸਿੱਖਿਆ,
ਪੰਜਾਬ, ਚੰਡੀਗੜ੍ਹ